## MUNICIPAL CORPORATION BATHINDA, LOCAL GOVT. PUNJAB, DEPTT, PUNJAB

**NOTICE INVITING Open Draw**

**Open Draw. MCB/2025-26**

**No.** ...1993............... **Date**..27/06/25

## Open Draw

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਕੰਟੀਨ Open Draw ਰਾਹੀਂ ਕਿਰਾਏ/ਠੇਕੇ ਤੇ ਦਿੱਤੀ ਜਾਣੀ ਹੈ। ਚਾਹਵਾਨ ਵਿਅਕਤੀ ਡਰਾਅ ਵਿੱਚ ਹਿੱਸਾ ਲੈਕੇ ਲਾਭ ਉਠਾਉਣ। ਡਰਾਅ ਸਬੰਧੀ ਸ਼ਰਤਾਂ ਨਿਮਨ ਲਿਖਤ ਅਨੁਸਾਰ ਹਨ।

ਡਰਾਅ ਦਾ ਵੇਰਵਾ: -

| ਲੜੀਨੰ: | ਦੁਕਾਨ / ਕੰਟੀਨ ਦਾ ਵੇਰਵਾ | ਪਾਰਕ ਦਾ ਨਾਮ | ਬਿਆਨਾ ਰਕਮ | ਰਿਜਰਵ ਕੀਮਤ (ਪ੍ਰਤੀ ਦਿਨ) | ਸਮਾਂ |
|---|---|---|---|---|---|
| 1 | ਕੰਟੀਨ | ਜ਼ੋਗਰ ਪਾਰਕ | 10,000/- | 1000 | 3 ਮਹੀਨੇ |

ਡਰਾਅ ਦੀ ਮਿਤੀ: -

| ਲੜੀਨੰ: | ਡਰਾਅ ਲਈ ਦਰਖਾਸਤ ਦੇਣ ਦੀ ਮਿਤੀ ਅਤੇ ਸਮਾਂ | ਡਰਾਅ ਖੋਲਣ ਦੀ ਮਿਤੀ ਅਤੇ ਸਮਾਂ |
|---|---|---|
| 1. | 30.06.2025 ਨੂੰ ਬਾਅਦ ਦੁਪਹਿਰ 2.00 ਵਜੇ ਤੋਂ 07.07.2025 ਨੂੰ ਦੁਪਹਿਰ 3.00 ਵਜੇ ਤੱਕ। | 08.07.2025 ਨੂੰ ਸਵੇਰੇ 12.00 |

ਡਰਾਅ ਸਬੰਧੀ ਹਦਾਇਤਾਂ: -

1. ਡਰਾਅ ਪ੍ਰੀਕ੍ਰਿਆ ਸਬੰਧੀ ਕਿਸੇ ਸਪੱਸ਼ਟੀਕਰਨ ਲਈ, ਹੋਰ ਨਿਯਮ ਅਤੇ ਸ਼ਰਤਾਂ ਲਈ www.mcbathinda.com ਦੇ ਨਾਲ-ਨਾਲ ਦਫਤਰੀ ਸਮੇਂ ਦੌਰਾਨ ਕਿਸੇ ਵੀ ਕੰਮ-ਕਾਰ ਵਾਲੇ ਦਿਨ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਕਮਰਾ ਨੰ: 20 ਵਿੱਚ ਆ ਸਕਦੇ ਹਨ।

2. ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਤਬਦੀਲੀ, ਗਲਤੀ ਜਾਂ ਸੋਧ ਸਬੰਧੀ ਸੂਚਨਾ ਹੇਠਾਂ ਦਿੱਤੀ ਵੈਬਸਾਈਟ www.mcbathinda.com ਤੇ ਅੱਪਲੋਡ ਕੀਤੀ ਜਾਵੇਗੀ । ਅਖਬਾਰਾਂ ਵਿੱਚ ਕੋਈ ਵੱਖਰਾਂ ਕੋਰੀਜੰਡਮ ਜਾਰੀ ਨਹੀਂ ਕੀਤਾ ਜਾਵੇਗਾ।

3. ਦਰਖਾਸਤਕਰਤਾ ਵੱਲੋਂ ਡਰਾਅ ਸ਼ੁਰੂ ਹੋਣ ਤੋਂ ਪਹਿਲਾਂ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰਵਾਉਣ ਦੇ ਨਾਲ-2 ਡਰਾਅ ਦੀ ਤਕਨੀਕੀ ਸ਼ਰਤਾਂ ਅਨੁਸਾਰ ਸਬੰਧਤ ਦਸਤਾਵੇਜ਼ ਦੇਣੇ ਲਾਜ਼ਮੀ ਹਨ।

4. ਦਰਖਾਸਤਕਰਤਾ ਵੱਲੋਂ ਬਿਆਨਾ ਰਕਮ ਪਹਿਲਾ ਜਮ੍ਹਾ ਕਰਵਾਈ ਜਾਵੇਗੀ।

5. ਸਾਰੇ ਦਰਖਾਸਤਕਰਤਾ ਨੂੰ ਦਰਖਾਸਤ ਨਿਸ਼ਚਿਤ ਸਮੇਂ ਵਿੱਚ ਦੇਣੀ ਲਾਜ਼ਮੀ ਹੋਵੇਗੀ ਅਤੇ ਦੇਰੀ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

6. ਡਰਾਅ ਸਬੰਧੀ ਕਿਸੇ ਵੀ ਜਾਣਕਾਰੀ ਲਈ ਸੁਪਰਡੈਂਟ, ਰੈਂਟ ਸ਼ਾਖਾ ਨਾਲ ਮੋਬਾਇਲ ਨੰ: 94630-79622 ਤੇ ਤਾਲਮੇਲ ਕੀਤਾ ਜਾ ਸਕਦਾ ਹੈ।

ਨਿਯਮ ਅਤੇ ਸ਼ਰਤਾਂ:-

7. ਹਰੇਕ ਦਰਖਾਸਤਕਰਤਾ ਲਈ ਬਣਦੀ ਬਿਆਨਾ ਰਕਮ ਡਰਾਅ ਸ਼ੁਰੂ ਹੋਣ ਤੋਂ ਪਹਿਲਾਂ ਨਿਗਮ ਵੱਲੋਂ ਨਿਯੁਕਤ ਅਧਿਕਾਰੀ ਪਾਸ ਜਮ੍ਹਾ ਕਰਵਾਉਣੀ ਲਾਜ਼ਮੀ ਹੋਵੇਗੀ।ਸਫਲ ਦਰਖਾਸਤਕਰਤਾ ਨੂੰ ਛੱਡਕੇ, ਡਰਾਅ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਦਰਖਾਸਤਕਰਤਾਵਾਂ ਨੂੰ ਬਿਆਨਾ ਰਕਮ ਮੌਕੇ ਤੇ ਹੀ ਰਿਫੰਡ ਕੀਤੀ ਜਾਵੇਗੀ ।

8. ਦਰਖਾਸਤਕਰਤਾ ਵੱਲੋਂ ਡਰਾਅ ਦੀ ਬਿਆਨਾ ਰਕਮ ਜਮ੍ਹਾ ਕਰਾਉਣ ਸਮੇਂ ਹੇਠ ਲਿਖੇ ਅਨੁਸਾਰ ਦਸਤਾਵੇਜ਼ ਦੀ ਦੇਣੇ ਲਾਜ਼ਮੀ ਹੋਣਗੇ -
   - ਸਵੈ ਘੋਸ਼ਣਾ ਪੱਤਰ ਦੇਵੇਗਾ ਕਿ ਉਹ ਨਗਰ ਨਿਗਮ ਦਾ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਕਿਸੇ ਹੋਰ ਵਿਭਾਗ ਤੋਂ ਬਲੈਕ ਲਿਸਟ ਹੈ।
   - ਪੈਨ ਨੰਬਰ।
   - ਆਪਣਾ ਇੱਕ ਸਨਾਖਤੀ ਸਬੂਤ ਜਿਵੇਂ ਕਿ ਅਧਾਰ ਕਾਰਡ, ਵੋਟਰ ਕਾਰਡ ਆਦਿ ਵਿੱਚੋਂ ਕੋਈ ਇੱਕ ਦਸਤਾਵੇਜ਼ ਸਬੂਤ ਵਜੋਂ ਦੇਵੇਗਾ।

9. ਕੰਟੀਨ ਦੇ ਡਰਾਅ ਲਈ ਤਿੰਨ ਦਰਖਾਸਤਾ ਦਾ ਆਉਣਾ ਲਾਜ਼ਮੀ ਹੋਵੇਗਾ ।

10. ਜਿਸ ਦਰਖਾਸਤਕਰਤਾ ਨੂੰ ਡਰਾਅ ਨਿਕਲ ਜਾਵੇਗਾ ਬਾਕੀ ਸਾਰੇ ਦਰਖਾਸਤਕਰਤਾਵਾਂ ਨੂੰ ਇਹ ਮੰਨਜੂਰ ਹੋਵੇਗਾ ਅਤੇ ਇਸ ਸਬੰਧੀ ਉਹ ਕਿਸੇ ਵੀ ਅਦਾਲਤ ਜਾਂ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਵਿੱਚ ਇਸ ਸਬੰਧੀ ਕਾਨੂੰਨੀ ਕਾਰਵਾਈ ਨਹੀਂ ਕਰੇਗਾ।

11. ਕੰਟੀਨ ਦਾ ਕਬਜਾ ਨਗਰ ਨਿਗਮ ਵੱਲੋਂ ਡਰਾਅ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਦਿੱਤਾ ਜਾਵੇਗਾ।

12. ਡਰਾਅ ਪ੍ਰਵਾਨ ਕਰਨ ਜਾਂ ਡਰਾਅ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਨਿਗਰਾਨ ਇੰਜੀਨੀਅਰ,
ਨਗਰ ਨਿਗਮ, ਬਠਿੰਡਾ

## MUNICIPAL CORPORATION BATHINDA
## NOTICE INVITING

No. 1993 Date 27/06/25

## Open Draw

ਨਗਰ ਨਿਗਮ ਬਠਿੰਡਾ ਕੰਟੀਨ ਜ਼ੋਗਰ ਪਾਰਕ ਨੂੰ ਡਰਾਅ ਰਾਹੀਂ 3 ਮਹੀਨਿਆਂ ਦੇ ਸਮੇਂ ਲਈ ਕਿਰਾਏ/ਠੇਕੇ ਤੇ ਦਿੱਤਾ ਜਾਣਾ ਹੈ। ਚਾਹਵਾਨ ਵਿਅਕਤੀ ਡਰਾਅ ਵਿੱਚ ਹਿੱਸਾ ਲੈਕੇ ਲਾਭ ਉਠਾਉਣ ਡਰਾਅ ਸਬੰਧੀ ਸ਼ਰਤਾਂ www.mcbathinda.com ਤੇ ਦੇਖੀਆ ਜਾ ਸਕਦੀਆਂ ਹਨ। ਡਰਾਅ ਸਬੰਧੀ ਦਰਖਾਸਤ ਦੇਣ ਦੀ ਆਖਰੀ ਮਿਤੀ 07.07.2025 ਨੂੰ ਦੁਪਹਿਰ 3.00 ਵਜੇ ਤੱਕ ਦਾ ਹੈ।

ਨੋਟ: ਜੇਕਰ ਡਰਾਅ ਸਬੰਧੀ ਸੋਧ ਕੀਤਾ ਜਾਂਦਾ ਹੈ ਤਾਂ ਉਸ ਦਾ ਕੋਰੀਜੰਡਮ ਨਿਗਮ ਦੀ ਵੈਬ-ਸਾਇਟ ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਨਿਗਰਾਨ ਇੰਜੀਨੀਅਰ,
ਨਗਰ ਨਿਗਮ, ਬਠਿੰਡਾ

MUNICIPAL CORPORATION BATHINDA
ır Railway station, Bathinda Punjab 151001 Tel No 0164-2252812
Email- cmcbathinda@gmail.com

No. 1993 Date 27/06/25

ਸੇਵਾਵਿਖੇ

ਸੰਯੁਕਤ ਡਿਪਟੀ ਡਾਇਰੈਕਟਰ,
ਇੰਚਾਰਜ਼ ਪੀ ਸਥਾਨਕ ਸਰਕਾਰ .ਯੂ.ਆਰ.ਵਿਭਾਗ,
ਮਿਉਂਸੀਪਲ ਭਵਨ ਸੈਕਟਰ 35-ਏ,ਚੰਡੀਗੜ੍ਹ।

ਵਿਸ਼ਾ:- **Open Draw ਨੋਟਿਸ ਦੀ ਪ੍ਰਕਾਸ਼ਨਾ ਕਰਵਾਉਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਆਪਜੀ ਨੂੰ ਡਰਾਅ ਨੋਟਿਸ ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਡਰਾਅ ਨੋਟਿਸ ਨੂੰ ਦੈਨਿਕ ਭਾਸਕਰ (ਹਿੰਦੀ) ਅਤੇ ਪੰਜਾਬੀ ਟ੍ਰਿਬਿਊਨ (ਪੰਜਾਬੀ) ਅਖਬਾਰਾਂ ਵਿੱਚ ਪੰਜਾਬ ਚੰਡੀਗੜ੍ਹ ਅਡੀਸ਼ਨ ਵਿੱਚ ਘੱਟ ਤੋਂ ਘੱਟ ਜਗ੍ਹਾ ਵਿੱਚ ਡੀ.ਏ.ਵੀ.ਪੀ. ਰੇਟਾਂ ਤੇ ਪ੍ਰਕਾਸ਼ਿਤ ਕਰਵਾਉਣ ਦੀ ਖੇਚਲਾ ਕੀਤੀ ਜਾਵੇ ਜੀ।

ਅਧਿਕਾਰੀਦਾਨਾਮ : ਸੰਦੀਪ ਗੁਪਤਾ
ਅਹੁੱਦਾ : ਨਿਗਰਾਨ ਇੰਜੀਨੀਅਰ, ਨਗਰ ਨਿਗਮ, ਬਠਿੰਡਾ
ਮੋਬਾਇਲਨੰ: : 97800-14145
ਮੇਲ ਆਈ.ਡੀ. : cmcbathinda@gmail.com

ਨੱਥੀ/ Open Draw

ਨਿਗਰਾਨ ਇੰਜੀਨੀਅਰ
ਨਗਰ ਨਿਗਮ, ਬਠਿੰਡਾ

ਦਫਤਰ ਨਗਰ ਨਿਗਮ, ਬਠਿੰਡਾ।

**ਸ਼ਰਤਾਂ ਦਾ ਖਰੜਾ ਬਾਬਤ ਕੰਟੀਨ ਵਾਕਿਆ ਜੌਗਰ ਪਾਰਕ ਠੇਕੇ ਤੇ ਦੇਣ ਸਬੰਧੀ।**

ਨਗਰ ਨਿਗਮ, ਬਠਿੰਡਾ ਵੱਲੋਂ ਮਿਤੀ (ਨਾਲ ਨੱਥੀ ਨੋਟਿਸ ਅਨੁਸਾਰ) ਨੂੰ ਸਵੇਰੇ 11.00 ਵਜੇ ਕੰਟੀਨ ਵਾਕਿਆ ਜੌਗਰ ਪਾਰਕ ਨੂੰ ਖੁੱਲ੍ਹੇ ਡਰਾਅ ਰਾਹੀ ਕਿਰਾਏ ਤੇ ਦੇਣ ਸਬੰਧੀ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਇਹ ਕਿ ਡਰਾਅ ਵਿੱਚ ਹਿੱਸਾ ਲੈਣ ਵਾਲੇ ਵਿਅਕਤੀ ਨੂੰ 10,000/-ਰੁਪਏ ਬਤੌਰ ਬਿਆਨਾ ਰਕਮ ਜਮ੍ਹਾਂ ਕਰਵਾਉਣੀ ਹੋਵੇਗੀ। ਡਰਾਅ ਵਿੱਚ ਸਫਲ ਦਰਖਾਸਤਕਰਤਾ ਨੂੰ ਛੱਡ ਕੇ ਬਾਕੀ ਸਭ ਵਿਅਕਤੀਆਂ ਦੀ ਬਿਆਨਾ ਰਕਮ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ। ਬਿਨ੍ਹਾ ਬਿਆਨਾ ਰਕਮ ਜਮ੍ਹਾਂ ਕਰਵਾਏ ਕੋਈ ਵਿਅਕਤੀ/ਠੇਕੇਦਾਰ ਨੂੰ ਡਰਾਅ ਵਿੱਚ ਹਿੱਸਾ ਲੈਣ ਦਾ ਅਧਿਕਾਰ ਨਹੀ ਹੋਵੇਗਾ।

2. ਕੰਟੀਨ ਦਾ ਪੱਕਾ ਠੇਕਾ (ਸਲਾਨਾ) ਈ-ਆਕਸ਼ਨ ਰਾਹੀਂ ਦਿੱਤਾ ਜਾਣਾ ਹੈ ।ਇਸ ਲਈ ਜੇਕਰ ਈ-ਆਕਸ਼ਨ 3 ਮਹੀਨੇ ਤੋਂ ਪਹਿਲਾਂ ਹੋ ਜਾਂਦੀ ਹੈ ਤਾਂ ਡਰਾਅ ਰਾਹੀਂ ਦਿੱਤੀ ਗਈ ਕੰਟੀਨ ਨੂੰ ਵਾਪਿਸ ਲੈ ਲਿਆ ਜਾਵੇਗਾ ਅਤੇ ਨਿਗਮ ਵੱਲੋਂ ਸੂਚਿਤ ਕਰਨ ਦੇ 3 ਦਿਨਾਂ ਦੇ ਅੰਦਰ-ਅੰਦਰ ਠੇਕੇਦਾਰ ਕੰਟੀਨ ਨੂੰ ਖਾਲੀ ਕਰਨ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਜੇਕਰ ਕੰਟੀਨ ਦੀ ਈ-ਆਕਸ਼ਨ ਸਫਲ ਨਹੀਂ ਹੁੰਦੀ ਤਾਂ ਡਰਾਅ ਰਾਹੀਂ ਦਿੱਤੀ ਗਈ ਕੰਟੀਨ ਦੇ ਸਮੇਂ 3 ਮਹੀਨੇ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ।

3. ਇਹ ਕਿ ਇਸ ਕੰਟੀਨ ਦੀ ਫਿਕਸਡ ਕੀਮਤ 1,000/- ਰੁਪਏ + 18% ਜੀ.ਐਸ.ਟੀ ਪ੍ਰਤੀ ਦਿਨ ਹੈ। ਨਗਰ ਨਿਗਮ ਬਠਿੰਡਾ ਵੱਲੋ ਇਸ ਦਾ ਕਿਰਾਇਆ ਮਹੀਨਾਵਾਰ ਵਸੂਲੀਆ ਜਾਵੇਗਾ ਅਤੇ ਇਹ ਕਿਰਾਇਆ ਅਡਵਾਂਸ ਵਿੱਚ ਮਹੀਨੇ ਦੀ 10 ਤਾਰੀਖ ਤੱਕ ਲਿਆ ਜਾਵੇਗਾ।

4. ਜਿਸ ਦਰਖਾਸਤਕਰਤਾ ਨੂੰ ਡਰਾਅ ਨਿਕਲ ਜਾਵੇਗਾ। ਉਹ ਵਿਅਕਤੀ ਠੇਕੇ ਦੀ ਤਿੰਨ ਮਹੀਨੇ ਦੀ ਰਕਮ ਦਾ 1/2 ਹਿੱਸਾ (45000/- ਰੁਪਏ) ਠੇਕੇ ਦੀ ਪ੍ਰਵਾਨਗੀ ਤੋਂ ਬਾਅਦ ਕੰਮ ਕਾਜ ਵਾਲੇ 2 ਦਿਨ ਦੇ ਅੰਦਰ ਅੰਦਰ ਨਿਗਮ ਵਿਖੇ ਅਮਾਨਤੀ ਰਕਮ ਵਜੋਂ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬਿਆਨਾ ਰਕਮ 10,000/- ਰੁਪਏ ਜਬਤ ਕਰ ਲਈ ਜਾਵੇਗੀ ਅਤੇ ਮੁੜ ਤੋਂ ਡਰਾਅ ਕਢਿਆ ਜਾਵੇਗਾ।

5. ਜਿਸ ਦਰਖਾਸਤਕਰਤਾ ਨੂੰ ਡਰਾਅ ਨਿਕਲ ਜਾਵੇਗਾ ਬਾਕੀ ਸਾਰੇ ਦਰਖਾਸਤਕਰਤਾਵਾਂ ਨੂੰ ਇਹ ਮੰਨਜੂਰ ਹੋਵੇਗਾ ਅਤੇ ਇਸ ਸਬੰਧੀ ਕਿਸੇ ਵੀ ਅਦਾਲਤ ਜਾਂ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਵਿੱਚ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਨਹੀਂ ਕਰੇਗਾ।

6. ਨਿਗਮ ਵੱਲੋ ਕੰਟੀਨ ਦਾ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 3 ਮਹੀਨੇ ਲਈ ਵੈਧ ਹੋਵੇਗਾ ਅਤੇ ਠੇਕੇਦਾਰ ਵੱਲੋ 5 ਦਿਨਾਂ ਦੇ ਅੰਦਰ ਕਬਜਾ ਨਾ-ਲੈਣ ਦੀ ਸੂਰਤ ਵਿੱਚ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਬਿਆਨਾ ਰਕਮ ਨਿਗਮ ਨੂੰ ਜਬਤ ਕਰਨ ਦਾ ਅਧਿਕਾਰ ਹੋਵੇਗਾ।

7. ਇਹ ਕਿ ਜੇਕਰ ਠੇਕੇਦਾਰ ਵੱਲੋਂ ਅਮਾਨਤੀ ਰਕਮ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ 2 ਦਿਨ ਦੇ ਅੰਦਰ ਅੰਦਰ ਜਮ੍ਹਾਂ ਨਹੀ ਕਰਵਾਈ ਜਾਂਦੀ ਤਾਂ ਨਿਗਮ ਨੂੰ ਠੇਕੇਦਾਰ ਦੀ ਬਿਆਨਾ ਰਕਮ ਜ਼ਬਤ ਕਰਕੇ ਠੇਕਾ ਕੈਂਸਲ ਕਰਨ ਦਾ ਅਧਿਕਾਰ ਹੋਵੇਗਾ।

8. ਇਹ ਕਿ ਕੰਟੀਨ ਦਾ ਬੇਸਿਕ ਢਾਂਚਾ ਹੀ ਦਿੱਤਾ ਜਾਵੇਗਾ ਅਤੇ ਕੰਟੀਨ ਜਿਸ ਹਾਲਤ ਵਿੱਚ ਠੇਕੇ ਤੇ ਦਿੱਤੀ ਜਾਵੇਗੀ, ਠੇਕੇਦਾਰ ਮਿਆਦ ਪੂਰੀ ਹੋਣ ਉਪਰੰਤ ਕੰਟੀਨ ਉਸੇ ਹਾਲਤ ਵਿੱਚ ਨਿਗਮ ਨੂੰ ਵਾਪਸ ਕਰਨ ਦਾ ਪਾਬੰਦ ਹੋਵੇਗਾ। ਕੰਟੀਨ ਦੀ ਇਮਾਰਤ ਦੇ ਕਿਸੇ ਵੀ ਨੁਕਸਾਨ ਦੀ ਜੁੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਹੋਏ ਨੁਕਸਾਨ ਦੀ ਪੂਰਤੀ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਸਕਿਉਰਟੀ ਰਕਮ ਵਿੱਚੋਂ ਕਟੌਤੀ ਕਰਨ ਦਾ ਅਧਿਕਾਰ ਨਗਰ ਨਿਗਮ, ਬਠਿੰਡਾ ਪਾਸ ਹੋਵੇਗਾ।

9. ਇਹ ਕਿ ਕੰਟੀਨ ਦੇ ਆਸ ਪਾਸ ਸਥਾਈ ਜਾ ਅਸਥਾਈ ਇੰਨਕਰੋਚਮੈਂਟ/ਅਣ-ਅਧਿਕਾਰਿਤ ਉਸਾਰੀ ਨਹੀ ਕੀਤੀ ਜਾਵੇਗੀ ਅਤੇ ਜੇਕਰ ਠੇਕੇਦਾਰ ਵੱਲੋਂ ਅਜਿਹਾ ਕੀਤਾ ਗਿਆ ਤਾ ਠੇਕਾ ਕੈਂਸਲ ਕਰ ਦਿੱਤਾ ਜਾਵੇਗਾ ਅਤੇ ਅਮਾਨਤੀ ਰਕਮ ਜਬਤ ਕਰ ਲਈ ਜਾਵੇਗੀ

10. ਡਰਾਅ ਦੀ ਪ੍ਰਵਾਨਗੀ ਉਪਰੰਤ ਠੇਕੇਦਾਰ ਅਸਟਾਮ ਤੇ ਨਗਰ ਨਿਗਮ, ਬਠਿੰਡਾ ਨਾਲ 1 ਹਫਤੇ ਦੇ ਅੰਦਰ ਰਜਿਸਟਰਡ ਐਗਰੀਮੈਂਟ ਕਰਨ ਦਾ ਪਾਬੰਦ ਹੋਵੇਗਾ।

11. ਇਹ ਕਿ ਠੇਕੇਦਾਰ ਠੇਕੇ ਦਾ ਅਡਵਾਂਸ ਕਿਰਾਇਆ ਹਰ ਮਹੀਨੇ ਦੀ 10 ਤਾਰੀਖ ਤੱਕ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ। ਨਿਸ਼ਚਿਤ ਮਿਤੀ ਤੋਂ ਬਾਅਦ ਨਿਗਮ ਨੂੰ ਠੇਕੇਦਾਰ ਵੱਲੋਂ ਜਮ੍ਹਾ ਕਰਵਾਈ ਗਈ ਅਮਾਨਤੀ ਰਕਮ ਜਬਤ ਕਰਕੇ ਕੰਟੀਨ ਖਾਲੀ ਕਰਵਾਉਣ ਦਾ ਅਧਿਕਾਰ ਹੋਵੇਗਾ ਅਤੇ ਇਸ ਸਬੰਧੀ ਕੋਈ ਪੂਰਵ ਨੋਟਿਸ ਨਹੀਂ ਜਾਰੀ ਕੀਤਾ ਜਾਵੇਗਾ।

12. ਇਹ ਕਿ ਠੇਕੇਦਾਰ ਕਿਰਾਏ ਦੀ ਕਿਸ਼ਤ ਤੇ ਜੀ.ਐਸ.ਟੀ 18% ਪ੍ਰਤੀ ਮਹੀਨਾ ਕਿਸ਼ਤ ਨਾਲ ਭਰਨ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਸਮੇਂ-ਸਮੇਂ ਸਿਰ ਕੇਂਦਰ ਜਾਂ ਪੰਜਾਬ ਸਰਕਾਰ ਵੱਲੋਂ ਲਗਣ ਵਾਲੇ ਹੋਰ ਨਵੇਂ ਟੈਕਸ ਅਤੇ ਮੌਜੂਦਾ ਟੈਕਸਾਂ ਦੀ ਦਰਾਂ ਵਿੱਚ ਜੇਕਰ ਕਿਸੇ ਕਿਸਮ ਦਾ ਵਾਧਾ/ਘਾਟਾ ਹੋਣ ਦੀ ਸੂਰਤ ਵਿੱਚ ਠੇਕੇਦਾਰ ਸਰਕਾਰ ਵੱਲੋਂ ਜਾਰੀ ਟੈਕਸ ਦੀ ਦਰ ਨਾਲ ਕਿਸ਼ਤ ਭਰਨ ਦਾ ਪਾਬੰਦ ਹੋਵੇਗਾ।

14. ਇਹ ਕਿ ਠੇਕੇਦਾਰ ਬਿਜਲੀ ਦਾ ਬਿਲ ਹਰ ਮਹੀਨੇ ਸਬਮੀਟਰ ਦੀ ਰੀਡਿੰਗ ਅਨੁਸਾਰ ਨਿਗਮ ਪਾਸ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ।

15. ਇਹ ਕਿ ਮੌਕੇ ਤੇ ਡਰਾਅ ਕਰਵਾਉਣ ਵਾਲੇ ਅਧਿਕਾਰੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਬਿਨ੍ਹਾਂ ਕੋਈ ਕਾਰਨ ਦੱਸੇ ਡਰਾਅ ਰੱਦ ਕਰ ਸਕਦਾ ਹੈ।

16. ਇਹ ਕਿ ਡਰਾਅ ਸਮੇਂ ਲੋੜ ਪੈਣ ਤੇ ਸ਼ਰਤਾਂ ਵਿੱਚ ਕਿਸੇ ਤਰ੍ਹਾਂ ਦੀ ਫੇਰ-ਬਦਲ ਕਰਨ ਦਾ ਅਧਿਕਾਰ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਹੋਵੇਗਾ।

17. ਇਹ ਕਿ ਠੇਕੇਦਾਰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਬਾਲ ਕਾਨੂੰਨ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ ਅਤੇ ਕੰਟੀਨ ਵਿਖੇ ਅਜਿਹਾ ਕੋਈ ਨੌਕਰ/ਮੁਲਾਜ਼ਮ ਨਹੀਂ ਰਖੇਗਾ ਜਿਸ ਦੀ ਉਮਰ 14 ਸਾਲ ਤੋਂ ਘੱਟ ਹੋਵੇ।

18. ਇਹ ਕਿ ਠੇਕੇਦਾਰ ਕੰਟੀਨ ਵਿੱਚ ਸਫਾਈ ਦਾ ਪ੍ਰਬੰਧ, ਲਾਇਟਿੰਗ, ਵਾਈਟਵਾਸ਼, ਡਾਇਨਿੰਗ ਫਰਨੀਚਰ ਅਤੇ ਕੰਟੀਨ ਦੇ ਅੰਦਰ ਬਾਹਰ, ਆਲੇ ਦੁਆਲੇ ਦੀ ਸਾਫ ਸਫਾਈ ਅਤੇ ਸੁੰਦਰਤਾ ਬਣਾਉਣ ਦਾ ਆਪਣੇ ਖਰਚੇ ਤੇ ਪ੍ਰਬੰਦ ਕਰੇਗਾ।

19. ਇਹ ਕਿ ਠੇਕੇਦਾਰ ਵੱਲੋਂ ਕੰਟੀਨ ਦੇ ਆਸਪਾਸ ਕੋਈ ਇਸ਼ਤਿਹਾਰ ਨਹੀਂ ਲਗਾਇਆ ਜਾਵੇਗਾ। ਜੇਕਰ ਠੇਕੇਦਾਰ ਵੱਲੋਂ ਅਜਿਹਾ ਕੀਤਾ ਜਾਂਦਾ ਹੈ ਤਾਂ ਸਰਕਾਰੀ ਰੇਟ ਦਾ 10 ਗੁਣਾ ਜੁਰਮਾਨਾਂ ਵਸੂਲ ਕੀਤਾ ਜਾਵੇਗਾ।

20. ਇਹ ਕਿ ਡਰਾਅ ਪ੍ਰਵਾਨ ਕਰਨ ਜਾਂ ਡਰਾਅ ਰੱਦ ਕਰਨ ਦੇ ਅਧਿਕਾਰ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹੋਣਗੇ।

21. ਇਹ ਕਿ ਉਪਰੋਕਤ ਦਰਜ ਸ਼ਰਤਾਂ ਵਿੱਚੋਂ ਕਿਸੇ ਇਕ ਵੀ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਨਿਗਮ ਨੂੰ ਕੰਟੀਨ ਖਾਲੀ ਕਰਵਾਉਣ/ਜੁਰਮਾਨਾ ਕਰਨ ਦਾ ਅਧਿਕਾਰ ਹੋਵੇਗਾ।

ਸੁਪਰਡੰਟ (ਰੈਂਟ)
ਨਗਰ ਨਿਗਮ,ਬਠਿੰਡਾ।

CMC/M.
26/6/25